BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਰੋਜਰਸ ਦੇ ਡਾਉਨਟਾਉਨ ਵਿੱਚ ਰੀਲੋਕੇਸ਼ਨ ਅਤੇ ਪ੍ਰਸਤਾਵਿਤ 100 ਮਿਲੀਅਨ ਡਾਲਰ ਦੇ ਨਿਵੇਸ਼ ਦੀ ਹਿਮਾਇਤ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (27 ਜਨਵਰੀ, 2022) – ਕੱਲ੍ਹ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਰੋਜਰਸ ਕਮਿਉਨਿਕੇਸ਼ਨਸ (Rogers Communications) ਦੇ, ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਰੀਲੋਕੇਸ਼ਨ (ਸਥਾਨਾਂਤਰਣ) ਦੀ ਹਿਮਾਇਤ ਲਈ ਇੱਕ ਸਿਫਾਰਿਸ਼ ਨੂੰ ਪ੍ਰਵਾਨਗੀ ਦਿੱਤੀ।

ਪ੍ਰਸਤਾਵਿਤ ਨਵੇਂ ਵਿਕਾਸ ਦੇ ਦੁਆਰਾ, 3,000 ਕਰਮਚਾਰੀਆਂ ਨੂੰ ਡਾਉਨਟਾਉਨ ਵਿੱਚ, 200,000 ਸਕਵੇਅਰ ਫੁੱਟ ਦੀ ਥਾਂ ਵਿੱਚ ਪੁਨਰ ਸਥਾਪਿਤ ਕੀਤਾ ਜਾਵੇਗਾ। ਨਵੇਂ ਕੈਂਪਸ ਵਿੱਚ, ਮਿਕਸਡ ਆਫਿਸ ਅਤੇ ਰਿਟੇਲ ਸਪੇਸ ਹੋਵੇਗਾ ਅਤੇ ਫੇਜੇਸ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਵਾਧੂ ਆਫਿਸਾਂ ਲਈ ਥਾਂ ਹੋਵੇਗੀ।

ਇਹ ਕਾਰਜਨੀਤੀ ਸਬੰਧੀ ਥਾਂ ਅਤੇ ਨਿਵੇਸ਼, ਜੋਸ਼ੀਲੀ ਟ੍ਰਾਂਜ਼ਿਟ-ਅਨੁਕੂਲਿਤ ਕਮਿਉਨਿਟੀ ਨੂੰ ਅੱਗੇ ਵਧਾਉਣ ਵਿੱਚ ਮਦਦ ਕਰੇਗਾ। ਨਾਲ ਹੀ ਇਹ, ਪ੍ਰਤਿਭਾਸ਼ੀਲ ਵਿਅਕਤੀਆਂ ਲਈ ਰੋਜਰਸ (Rogers) ਅਤੇ ਬ੍ਰੈਂਪਟਨ, ਦੋਵਾਂ ਤੱਕ ਪਹੁੰਚ ਨੂੰ ਵਧਾਉਂਦੇ ਹੋਏ, ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ (Innovation Corridor) ਦੇ ਕੇਂਦਰ ਵਿਖੇ, ਨਵਾਂ ਰੋਜਰਸ ਬ੍ਰੈਂਪਟਨ (Rogers Brampton) ਆਫਿਸ ਸਥਾਪਤ ਕਰਨ ਵਿੱਚ ਮਦਦ ਕਰੇਗਾ। ਇਸਤੋਂ ਇਲਾਵਾ, ਰੋਜਰਸ ਬ੍ਰੈਂਪਟਨ ਕੈਂਪਸ (Rogers Brampton Campus) ਤੋਂ ਇਨੋਵੇਸ਼ਨ ਡਿਸਟ੍ਰਿਕਟ (Innovation District) ਵਿੱਚ, ਸਾਈਬਰਸਿਕਿਓਰਿਟੀ (Cybersecurity) ਯੂਨਿਟ ਦਾ ਰੀਲੋਕੇਸ਼ਨ, ਸਿਟੀ ਦੀ ਪੋਜੀਸ਼ਨ, ਸਾਈਬਰਸਿਕਿਓਰਿਟੀ ਵਿੱਚ ਰਾਸ਼ਟਰੀ ਲੀਡਰ ਵਜੋਂ ਬਣਾਵੇਗਾ ਅਤੇ ਉਸਨੂੰ ਮਜ਼ਬੂਤ ਕਰੇਗਾ।

**ਹਵਾਲੇ**

"ਮੈਂ, ਡਾਉਨਟਾਉਨ ਬ੍ਰੈਂਪਟਨ ਵਿੱਚ ਰੋਜਰਸ ਦੇ ਇਸ ਪ੍ਰਸਤਾਵਿਤ ਰੀਲੋਕੇਸ਼ਨ ਦਾ ਸੁਆਗਤ ਕਰਨ ਲਈ ਬੇਹੱਦ ਉਤਸ਼ਾਹਿਤ ਹਾਂ, ਜੋ ਜਾਰੀ ਰੋਮਾਂਚਕ ਪਰਿਵਰਤਨ ਅਤੇ ਸਿਟੀ ਵੱਲੋਂ ਕੀਤੇ ਗਏ ਹਾਲੀਆ ਨਿਵੇਸ਼ਾਂ ਤੇ ਅਧਾਰਿਤ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਬ੍ਰੈਂਪਟਨ, ਸਾਡੇ ਕਾਰੋਬਾਰੀਆਂ ਲਈ ਸੁਆਗਤੀ ਘਰ ਬਣਿਆ ਰਹੇ। ਸਾਡੀ ਕਾਉਂਸਿਲ ਅਤੇ ਸਟਾਫ, ਇਸ ਨਵੇਂ ਵਿਕਾਸ ਦੀ ਹਿਮਾਇਤ ਲਈ, ਲਗਾਤਾਰ ਸਾਡੇ ਸਾਰੇ ਭਾਈਵਾਲਾਂ ਦੇ ਨਾਲ ਮਿਲਕੇ ਕੰਮ ਕਰ ਰਿਹਾ ਹੈ। ਸ਼ਹਿਰ ਦੇ ਕੇਂਦਰ ਵਿੱਚ ਇੱਕ ਨਵੀਂ ਰੋਜਰਸ ਸਾਈਟ, ਕੈਨੇਡਾ ਦੇ ਇਨੋਵੇਸ਼ਨ ਕੋਰੀਡਰ ਤੇ ਸਾਡੀ ਪੋਜੀਸ਼ਨ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਸਾਈਬਰਸਿਕਿਓਰਿਟੀ ਵਿੱਚ ਸਾਨੂੰ ਰਾਸ਼ਟਰੀ ਲੀਡਰ ਵਜੋਂ ਸਥਾਪਤ ਕਰੇਗੀ। ਮੈਂ ਅਗਲੇ ਰੋਮਾਂਚਕ ਕਦਮਾਂ ਲਈ ਉਤਸ਼ਾਹਿਤ ਹਾਂ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ, ਲੋਕਾਂ, ਪੋਸਟ-ਸੈਕੰਡਰੀ ਦੇ ਉਦੇਸ਼ਾਂ ਅਤੇ ਇਨੋਵੇਸ਼ਨ ਅਤੇ ਟੈਕਨੋਲੋਜੀ ਨੂੰ ਆਕਰਸ਼ਿਤ ਕਰਨ ਤੇ ਕੇਂਦਰਿਤ ਦ੍ਰਿਸ਼ਟੀਕੋਣ ਦੇ ਨਾਲ, ਡਾਉਨਟਾਉਨ ਬ੍ਰੈਂਪਟਨ ਵਿੱਚ ਪਰਿਵਰਤਨ ਕਰਨ ਲਈ ਆਪਣੇ ਯਤਨਾਂ ਵਿੱਚ ਕਾਫੀ ਤਰੱਕੀ ਕਰ ਰਹੀ ਹੈ। ਨਵੇਂ ਰੋਜਰਸ ਕਮਿਉਨਿਕੇਸ਼ਨਸ ਆਫਿਸ ਦੇ ਵਿਕਾਸ ਅਤੇ 3,000 ਕਰਮਚਾਰੀਆਂ ਦੇ ਰੀਲੋਕੇਸ਼ਨ ਦੇ ਦੁਆਰਾ, ਇਹ ਕੈਂਪਸ, ਡਾਉਨਟਾਉਨ ਦੇ ਲੰਮੀ-ਮਿਆਦ ਦੇ ਪੁਨਰ ਨਿਰਮਾਣ ਅਤੇ ਆਰਥਿਕ ਸਫਲਤਾ ਵਿੱਚ ਮਦਦ ਕਰੇਗਾ। ਅਸੀਂ ਇਸ ਰੋਮਾਂਚਕ ਪ੍ਰੋਜੈਕਟ ਅਤੇ ਸਾਡੇ ਨਿਵਾਸੀਆਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਲਈ ਸ਼ਹਿਰ ਦੇ ਕੇਂਦਰ ਨੂੰ ਵਧਾਉਣ ਤੇ ਲਗਾਤਾਰ ਯੋਜਨਾ ਬਣਾਉਣ ਲਈ ਉਤਸ਼ਾਹਿਤ ਹਾਂ।"

- *ਪਾੱਲ ਵਿਸੇਂਟ* (Paul Vicente), *ਰੀਜਨਲ ਕਾਊਂਸਲਰ, ਵਾਰਡਸ* 1 *ਅਤੇ* 5; *ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਰੋਜਰਸ ਦੁਆਰਾ ਇਹ ਪ੍ਰਸਤਾਵਿਤ ਰੀਲੋਕੇਸ਼ਨ, ਸਾਡੀ ਸਿਟੀ ਦੇ ਡਾਊਨਟਾਊਨ ਵਿੱਚ ਜਾਰੀ ਪਰਿਵਰਤਨਸ਼ੀਲ ਕੰਮ ਅਤੇ ਕਾਰਜਨੀਤੀਆਂ ਵਾਲੇ ਨਿਵੇਸ਼ਾਂ ਦੀ ਮਿਸਾਲ ਹੈ। ਇਸ ਨਵੇਂ ਮਿਕਸਡ-ਵਰਤੋਂ ਵਾਲੇ ਵਿਕਾਸ ਦੀ ਹਿਮਾਇਤ ਕਰਕੇ, ਅਸੀਂ ਸਾਡੇ ਨਿਵਾਸੀਆਂ ਅਤੇ ਕਾਰੋਬਾਰ ਕਮਿਉਨਿਟੀ ਲਈ, ਵੱਧ ਸ਼ਾਨਦਾਰ ਅਤੇ ਲੰਮੀ-ਮਿਆਦ ਦੇ ਮੌਕੇ ਪੈਦਾ ਕਰ ਰਹੇ ਹਾਂ। ਮੈਨੂੰ ਇਸ ਵਿਕਾਸ ਦੀ ਹਿਮਾਇਤ ਕਰਨ ਤੇ ਖੁਸ਼ੀ ਹੈ, ਜੋ ਸਾਡੇ ਸ਼ਹਿਰ ਲਈ ਇੱਕ ਜੋਸ਼ੀਲਾ ਅਤੇ ਸਥਿਰ ਡਾਊਨਟਾਊਨ ਬਣਾਉਣ ਵਿੱਚ ਮਦਦ ਕਰੇਗਾ।"

- *ਮਾਰਟਿਨ ਮੇਡੇਇਰੋਸ* (Martin Medeiros), *ਰੀਜਨਲ ਕਾਊਂਸਲਰ, ਵਾਰਡਸ* 3 *ਅਤੇ* 4, *ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਕਾਰਜਨੀਤੀ ਵਾਲੇ ਨਿਵੇਸ਼ਾਂ ਅਤੇ ਪਲਾਨਿੰਗ ਦੇ ਦੁਆਰਾ, ਅਸੀਂ ਸਾਡੇ ਭਾਈਵਾਲਾਂ ਅਤੇ ਸਾਡੀ ਕਾਰੋਬਾਰ ਕਮਿਉਨਿਟੀ ਨੂੰ ਸੰਕੇਤ ਦੇ ਰਹੇ ਹਾਂ ਕਿ ਅਸੀਂ, ਸਮਾਰਟ, ਸਥਿਰ ਅਤੇ ਸਫਲ ਵਾਧਾ ਕਰਨ ਬਾਰੇ ਗੰਭੀਰ ਹਾਂ। ਸਾਨੂੰ ਬੇਹੱਦ ਖੁਸ਼ੀ ਹੈ ਕਿ ਰੋਜਰਸ ਇਸਨੂੰ ਸਮਝਦਾ ਹੈ ਅਤੇ ਸਾਡੇ ਡਾਊਨਟਾਊਨ ਵਿੱਚ ਜਾਰੀ ਪਰਿਵਰਤਨਸ਼ੀਲ ਕੰਮ ਨਾਲ ਜੁੜ ਰਿਹਾ ਹੈ। ਇਸ ਨਵੇਂ ਵਿਕਾਸ ਦੇ ਦੁਆਰਾ, ਅਸੀਂ ਨੌਕਰੀਆਂ ਪੈਦਾ ਕਰਾਂਗੇ, ਸਾਡੀ ਆਰਥਿਕ ਬਹਾਲੀ ਅਤੇ ਵਾਧੇ ਵਿੱਚ ਸਹਾਇਤਾ ਕਰਾਂਗੇ ਅਤੇ ਬ੍ਰੈਂਪਟਨ ਦੇ ਨਿਵਾਸੀਆਂ ਲਈ, ਜੀਵਨ ਕੁਆਲਿਟੀ ਵਿੱਚ ਸੁਧਾਰ ਕਰਾਂਗੇ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca